# ਜੋੜਣਹਾਰਾ ਸੰਤੁ

## (ਗਉੜੀ ਕੀ ਵਾਰ ਮਹਲਾ ੫
## ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ)

ੴ ਸਤਿ ਗੁਰ ਪ੍ਰਸਾਦਿ

**ਮਃ ੫ ।।**

**ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ।।**

**ਜੋੜਣਹਾਰਾ ਸੰਤੁ ਨਾਨਕ ਪਾਧਰੁ ਪਧਰੋ।।੨।।**

ਇਹ ਸਲੋਕ ਅਤੇ ਇਸ ਨਾਲ ਲਗਦੀ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਦੀ ਰਾਗ ਗਉੜੀ ਕੀ ਵਾਰ ਵਿਚ ੧੪ਵੀਂ ਪਉੜੀ ਹੈ। ਇਹ ਸ਼ਬਦ, ਪੰਨਾ ੩੨੧ ਤੇ ਸੁਭਾਇਮਾਨ ਹੈ। ਇਹ ਵਾਰ 'ਰਾਇ ਕਮਾਲਦੀ ਮੋਜਦੀ ਕੀ ਵਾਰ' ਦੀ ਧੁਨੀ ਉਪਰ, ਗਾਉਣ ਦੀ ਹਦਾਇਤ ਹੈ।

ਰਾਜਾ, ਰਾਇ ਕਮਾਲਦੀ ਅਤੇ ਰਾਜਾ ਸਾਰਿੰਗ, ਦੋਵੇਂ ਭਰਾ ਸਨ ਅਤੇ ਅਕਬਰ ਨੂੰ ਮਾਲੀਆ ਭਰਦੇ ਸਨ। ਕਮਾਲਦੀ, ਆਪਣੇ ਭਰਾ ਬਾਰੇ ਸੁਹਿਰਦ ਨਹੀਂ ਸੀ। ਉਸ ਨਾਲ ਹੇਰਾਫ਼ੇਰੀਆਂ ਕਰਦਾ ਸੀ। ਇਥੋਂ ਤਕ ਕਿ, ਧੋਖੇ ਨਾਲ ਜ਼ਹਿਰੀਲੀ ਸ਼ਰਾਬ ਪਿਆ ਕੇ ਸਾਰੰਗ ਨੂੰ ਮਰਵਾ ਦਿਤਾ। ਸਾਰੰਗ ਦੀ ਪਤਨੀ ਆਪਣੇ ਪੁਤਰ ਮੁਅਜ਼ਦੀਨ, ਮੌਂਜਦੀ ਨੂੰ ਲੈ ਕੇ ਪੇਕੇ ਭਜ ਗਈ। ਮੌਂਜਦੀ ਜੁਆਨ ਹੋਇਆ ਤਾਂ ਨਾਨਕਿਆਂ ਦੀ ਫ਼ੌਜ ਲੈ ਕੇ ਆਪਣੇ ਚਾਚੇ ਕਮਾਲਦੀ ਤੇ ਹਮਲਾ ਬੋਲ ਦਿਤਾ। ਇਸ ਜੰਗ ਵਿਚ ਕਮਾਲਦੀ ਮਾਰਿਆ ਗਿਆ ਪਰ ਮੌਂਜਦੀ ਧਰਮੀ ਸੀ। ਉਸ ਨੇ ਅਧਾ ਰਾਜ ਕਮਾਲਦੀ ਦੇ ਪੁਤਰ ਨੂੰ ਸੌਂਪ ਦਿਤਾ। ਢਾਢੀਆਂ ਨੇ ਉਸਦੀ ਬਹਾਦਰੀ ਅਤੇ ਧਰਮੀ ਹੋਣ ਦੀ ਵਾਰ ਗਾਈ। ਇਸੇ ਵਾਰ ਦੀ ਧੁਨੀ ਵਿਚ, ਪੰਚਮ ਪਾਤਸ਼ਾਹ ਦੀ ਗਉੜੀ ਕੀ ਵਾਰ ਗਾਉਣ ਦੀ ਹਦਾਇਤ ਹੈ। ਕਹਿੰਦੇ ਹਨ ਕਿ ਇਹ ਹਦਾਇਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਦਿਤੀ ਹੋਈ ਹੈ। ਇਸ ਤੋਂ ਇਲਾਵਾ, ਮਾਝ ਕੀ ਵਾਰ ਵੀ 'ਚੰਦ੍ਰਹੜਾ ਸੋਹੀਆ ਕੀ ਧੁਨੀ' ਵਿਚ ਗਾਉਣ ਦੀ ਹਦਾਇਤ ਕੀਤੀ ਗਈ ਸੀ। ਇਹ ਦੋਵੇਂ ਸੂਰਮਤਾਈ ਦੀਆਂ ਵਾਰਾਂ ਹੋਣ ਕਰ ਕੇ ਛੇਵੇਂ ਪਾਤਸ਼ਾਹ ਨੇ ਅਜਿਹਾ ਹੁਕਮ ਕੀਤਾ ਸੀ।

-- ਪਰਮੇਸ਼ਰ ਨੇ ਜਿਨ੍ਹਾਂ ਦਾ ਹਿਰਦਾ ਆਪਣੇ ਪ੍ਰੇਮ ਵਿਚ ਵਿੰਨ੍ਹ ਦਿਤਾ ਹੁੰਦਾ ਹੈ, ਉਨ੍ਹਾਂ ਪਿਆਰਿਆਂ ਦੀ ਪਛਾਣ ਕਰਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ।

ਕਾਰਣ ਇਹ ਕਿ ਜੋ ਪ੍ਰਭੂ ਦੇ ਨਜ਼ਦੀਕ ਹੁੰਦੇ ਹਨ ਉਹ ਇਸ ਗਲ ਦਾ ਕਿਸੇ ਨੂੰ ਭੇਤ ਨਹੀਂ ਦਿੰਦੇ, ਜਿਵੇਂ ਸ਼ੇਖ ਫ਼ਰੀਦ ਜੀ ਨੇ ਬਚਨ ਕੀਤਾ ਹੈ - 'ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ।।', ਪੰਨਾ ੧੩੮੪.

-- ਅਜਿਹਾ ਮਨੁਖ ਸੰਤ ਹੁੰਦਾ ਹੈ ਅਤੇ ਇਹ, ਹੋਰਨਾਂ ਨੂੰ ਰੱਬ ਨਾਲ ਜੋੜਣ ਵਾਲਾ, ਭਾਵ, ਜੋੜਣ ਦੇ ਸਮਰੱਥ ਹੁੰਦਾ ਹੈ ਅਤੇ ਜੋ ਵਿਅਕਤੀ ਰੱਬ ਨਾਲ ਜੁੜਣ ਦੇ ਅਭਿਲਾਖੀ ਹੁੰਦੇ ਹਨ, ਉਨ੍ਹਾਂ ਨੂੰ ਸੁਖੈਨ ਅਤੇ ਪਧਰਾ ਰਾਹ ਦਿਖਾ ਦਿੰਦਾ ਹੈ, ਜਾਂ ਉਨ੍ਹਾਂ ਦਾ ਕੰਮ ਸੁਖੈਨ ਕਰ ਦਿੰਦਾ ਹੈ।

ਪੰਜਵੇਂ ਪਾਤਸ਼ਾਹ ਦੇ ਬਚਨ ਹਨ ਕਿ ਪ੍ਰਭੂ ਨਾਲ ਮੇਲ ਕਰਵਾਉਣ ਵਾਲਾ ਪ੍ਰਭੂ ਦੀ ਦਰਗਾਹ ਦਾ ਬਸੀਠ, ਵਿਚੋਲਾ ਹੁੰਦਾ ਹੈ, ਭਾਵ ਸੰਤ ਹੀ ਹੁੰਦਾ ਹੈ - 'ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ।।', ਪੰਨਾ ੯੫੭.

ਮਹਾਰਾਜ ਦੇ ਵਾਕ ਹਨ ਕਿ ਸੰਤ, ਜਨਮਾਂ ਜਨਮਾਂ ਦੇ ਵਿਛੜੇ ਹੋਏ ਨੂੰ, ਮਿਲਾ ਦਿੰਦੇ ਹਨ, ਸੁਕੇ ਨੂੰ ਹਰਿਆ ਕਰ ਦਿੰਦੇ ਹਨ, ਸ੍ਰੇਸ਼ਟ ਮਤ ਬਖ਼ਸ਼ ਕੇ ਨਾਮ ਜਪਾ ਦਿੰਦੇ ਹਨ ਅਤੇ ਪ੍ਰਭੂ ਨਾਲ ਮਿਲਾਪ ਕਰਵਾ ਦਿੰਦੇ ਹਨ - 'ਜਨਮ ਜਨਮ ਕਾ ਵਿਛੁੜਿਆ ਮਿਲਿਆ।। ਸਾਧ ਕ੍ਰਿਪਾ ਤੇ ਸੂਕਾ ਹਰਿਆ।। ਸੁਮਤਿ ਪਾਏ ਨਾਮੁ ਧਿਆਏ ਗੁਮੁਖਿ ਹੋਏ ਮੇਲਾ ਜੀਉ।।',ਪੰਨਾ ੧੦੨.

ਹੋਰ ਬਚਨ ਕਰਦੇ ਹਨ ਕਿ ਸੰਤ ਜਨਾਂ ਦੀ ਸੰਗਤਿ ਕਰਣ ਨਾਲ ਕ੍ਰੋੜਾਂ ਅਪਰਾਧੀਆਂ ਦਾ ਉਧਾਰ ਹੋ ਗਿਆ। ਜਮ ਤਾਂ ਉਨ੍ਹਾਂ ਦੇ ਨੇੜੇ ਵੀ ਨਹੀਂ ਜਾਂਦਾ। ਜਨਮਾਂ ਜਨਮਾਂ ਤੋਂ ਪ੍ਰਭੂ ਤੋਂ ਵਿਛੜਿਆਂ ਹੋਇਆਂ ਨੂੰ ਵੀ ਉਹ ਹਰੀ ਨੂੰ ਮਿਲਾ ਦਿੰਦੇ ਹਨ - 'ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ।। ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ ਹਰਿ ਸਿਉ ਆਣਿ ਮਿਲਾਵੈ।।', ਪੰਨਾ ੭੪੮. ਸ੍ਰੀ ਗੁਰੂ ਅਰਜਨ ਸਾਹਿਬ ਅਗੋਂ ਹੋਰ ਫ਼ੁਰਮਾਣ ਕਰਦੇ ਹਨ ਕਿ ਹਰੀ ਦੇ ਭਗਤ, ਹਰੀ ਦੇ ਜਨ, ਸੰਤ, ਆਪ ਜਨਮ ਮਰਣ ਦੇ ਗੇੜ ਤੋਂ ਮੁਕਤ ਹੁੰਦੇ ਹਨ ਅਤੇ ਇਹੀ ਪਰਉਪਕਾਰੀ ਜੀਉੜੇ ਹੁੰਦੇ ਹਨ ਜੋ ਨਾਮ ਦਾਨ ਦੇ ਕੇ, ਭਗਤੀ ਵਲ ਲਗਾ ਦਿੰਦੇ ਹਨ ਅਤੇ ਹਰੀ ਪ੍ਰਭੂ ਨਾਲ ਮਿਲਾ ਦਿੰਦੇ ਹਨ। ਇਨ੍ਹਾਂ ਦਾ ਹੀ ਸਭ

ਪਾਸੇ ਫ਼ੁਰਮਾਣ ਚਲਦਾ ਹੈ, ਇਨ੍ਹਾਂ ਦੀ ਹੀ ਪਾਤਸ਼ਾਹੀ, Sovereignty ਚਲਦੀ ਹੈ ਅਤੇ ਇਹ ਸਚੇ ਪ੍ਰਭੂ ਨਾਲ ਮਿਲੇ ਹੁੰਦੇ ਹਨ - 'ਜਨਮ ਮਰਣ ਦੁਹਹੂ ਮਹਿ ਨਾਹੀ  ਜਨ ਪਰਉਪਕਾਰੀ ਆਏ।। ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।। ਸਚਾ ਅਮਰ ਸਚੀ ਪਾਤਸਾਹੀ  ਸਚੇ ਸੇਤੀ ਰਾਤੇ।।..', ਪੰਨਾ ੭੪੯.

ਪਾਤਸ਼ਾਹ ਦਾ ਹੋਰ ਫ਼ੁਰਮਾਣ ਹੈ ਕਿ ਸਾਧੂ ਦੀ ਸੰਗਤਿ ਕਰਣ ਨਾਲ ਹਰੀ ਨਾਲ ਜਾ ਮਿਲਾਪ ਹੋ ਜਾਂਦਾ ਹੈ ਅਤੇ ਇਸ ਸਭ ਤੋਂ ਵਡੇ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ ਜੋ ਸਮਾਇਆਂ ਨਹੀਂ ਸਮਾਉਂਦੀ - 'ਹਰਿ ਸਿਉ ਜਾਇ ਮਿਲਣਾ ਸਾਧ ਸੰਗਿ ਰਹਣਾ  ਸੋ ਸੁਖੁ ਅੰਕਿ ਨ ਮਾਵੈ।।', ਪੰਨਾ ੧੧੨੨.

## ਪਉੜੀ

**ਸੋਈ ਸੇਵਿਹੁ ਜੀਅੜੇ  ਦਾਤਾ ਬਖਸਿੰਦੁ।।**

**ਕਿਲਵਿਖ ਸਭਿ ਬਿਨਾਸੁ ਹੋਨਿ  ਸਿਮਰਤ ਗੋਵਿੰਦੁ।।**

-- ਇਹ, ਵਾਰ ਦੀ ੧੪ਵੀਂ ਪਉੜੀ ਹੈ। ਪਾਤਸ਼ਾਹ ਬਚਨ ਕਰਦੇ ਹਨ ਕਿ ਹੇ ਮੇਰੇ ਮਨ ! ਉਸੇ ਦਾਤੇ ਦਾ ਸਿਮਰਨ ਕਰ ਜੋ ਸਭ ਦਾਤਾਂ ਦੇਣ ਵਾਲਾ ਅਤੇ ਬਖ਼ਸ਼ੰਦ ਹੈ।

ਪਾਤਸ਼ਾਹ ਦੇ ਬਚਨ ਹਨ ਕਿ ਸਿਰਫ਼ ਉਸੇ ਪ੍ਰਭੂ ਦਾ ਨਾਮ ਸਿਮਰਨਾ ਚਾਹੀਦਾ ਹੈ ਜੋ ਸਭ ਸ਼ਾਹਾਂ ਦਾ ਪਾਤਸ਼ਾਹ ਹੈ, ਜਿਸ ਤੇ ਸਾਰੇ ਆਸ ਰਖਦੇ ਹਨ, ਭਾਵ, ਜੋ ਸਾਰੀਆਂ ਬਖ਼ਸ਼ਿਸ਼ਾਂ ਦਾ ਮਾਲਕ ਹੈ - 'ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ।। ਤਿਸ ਹੀ ਕੀ ਕਰਿ ਆਸ ਮਨ  ਜਿਸ ਕਾ ਸਭਸੁ ਵੇਸਾਹੁ।।', ਪੰਨਾ ੪੪. ਅਗੋਂ ਫ਼ੇਰ ਫ਼ੁਰਮਾਣ ਕਰਦੇ ਹਨ ਕਿ ਹੇ ਮੇਰੇ ਮਨ ! ਉਸ ਇਕੋ ਦਾ ਨਾਮ ਜਪ, ਜੋ ਸਾਰੇ ਸ੍ਰੇਸ਼ਟ ਸੁਖਾਂ ਦਾ ਸੋਮਾ ਹੈ ਅਤੇ ਜਿਸ ਦੇ ਸਿਮਰਿਆਂ ਮਨੁਖ ਉਸ ਦੀ ਦਰਗਾਹ ਵਿਚ ਜਾ ਅਪੜਦਾ ਹੈ - 'ਮਨ ਮੇਰੇ  ਏਕੋ ਨਾਮੁ ਧਿਆਇ।। ਸਰਬ ਸੁਖਾ ਸੁਖ ਊਪਜਹਿ  ਦਰਗਹ ਪੈਧਾ ਜਾਇ।।', ਪੰਨਾ ੪੫.

-- ਉਸ ਗੋਬਿੰਦ ਪਰਮੇਸ਼ਰ ਦਾ ਸਿਮਰਣ ਕੀਤਿਆਂ, ਸਾਰੇ ਪਾਪ ਨਾਸ ਹੋ ਜਾਂਦੇ ਹਨ।

ਪੰਜਵੇਂ ਪਾਤਸ਼ਾਹ, ਪੰਨਾ ੯੨੫ ਤੇ ਫ਼ੁਰਮਾਣ ਕਰਦੇ ਹਨ ਕਿ ਹਰੀ ਪਰਮੇਸ਼ਰ ਦਾ

ਨਾਮ, ਗੁਰੂ ਦੁਆਰਾ ਦਿਤੇ ਗਏ ਮੰਤਰ ਦੇ ਨਾਲ ਜਪਣ ਨਾਲ, ਸਾਰੇ ਘੋਰ ਪਾਪ ਵੀ ਨਾਸ ਹੋ ਜਾਂਦੇ ਹਨ - 'ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੈ।।'

**ਹਰਿ ਮਾਰਗੁ ਸਾਧੂ ਦਸਿਆ ਜਪੀਐ ਗੁਰਮੰਤੁ।।**

**ਮਾਇਆ ਸੁਆਦ ਸਭਿ ਫਿਕਿਆ ਹਰਿ ਮਨਿ ਭਾਵੰਦੁ।।**

-- ਹਰੀ ਪ੍ਰਭੂ ਤਕ ਪੁਜਣ ਦਾ ਰਾਹ ਸਾਧੂ ਨੇ ਦਸਿਆ ਹੈ, ਉਹ ਹੈ ਗੁਰ ਮੰਤਰ ਨੂੰ ਜਪਣਾ, ਨਾਮ ਜਪਣਾ।

ਪਾਤਸ਼ਾਹ, ਪੰਨਾ ੧੦੦ ਤੇ ਫ਼ੁਰਮਾਣ ਕਰਦੇ ਹਨ ਕਿ ਸੰਤ ਜਨਾਂ ਨੇ ਮੈਨੂੰ ਪਰਮੇਸ਼ਰ ਦੇ ਮਿਲਣ ਦਾ ਮਾਰਗ ਤੇ ਪਾਇਆ ਹੈ, ਕ੍ਰਿਪਾਲੂ ਸਾਧੂ ਨੇ ਮੈਨੂੰ ਗੁਰ ਸ਼ਬਦ, ਗੁਰ ਮੰਤਰ ਦੇ ਕੇ ਪਰਮਾਤਮਾ ਦਾ ਨਾਮ ਜਪਣ ਵਿਚ ਗਿਝਾ ਦਿਤਾ ਹੈ। ਮੈਂ ਹਰੀ ਦਾ ਦਾਸ ਅਤੇ ਹਰੀ ਮੇਰਾ ਬਣ ਗਿਆ ਹੈ ਕਿਉਂਕਿ ਮੈਨੂੰ ਗੁਰੂ ਨੇ ਸਚਾ ਗੁਰ ਸ਼ਬਦ ਬਖ਼ਸ਼ਿਆ ਹੈ, ਉਸ ਨਾਲ ਮੈਂ ਖ਼ੂਬ ਸਿਮਰਣ ਕੀਤਾ - 'ਸੰਤਨ ਮੋ ਕਉ ਹਰਿ ਮਾਰਗਿ ਪਾਇਆ।। ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ।। ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ।।'

ਮਹਾਰਾਜ ਹੋਰ ਬਚਨ ਕਰਦੇ ਹਨ ਕਿ ਮੈਂ ਸਾਧੂ ਦੀ ਸੰਗਤਿ ਰਾਹੀਂ ਭਗਵੰਤ ਪ੍ਰਭੂ ਨੂੰ ਜਪਿਆ ਅਤੇ ਇਸ ਲਈ ਮੈਨੂੰ ਸਾਧੂ ਨੇ ਗੁਰਮੰਤਰ ਦਿਤਾ - 'ਸਾਧ ਸੰਗਿ ਜਪਿਓ ਭਗਵੰਤੁ।। ਕੇਵਲ ਨਾਮੁ ਦੀਓ ਗੁਰਿ ਮੰਤਿ।।', ਪੰਨਾ ੧੯੩.

-- ਮੋਹ ਮਾਇਆ ਆਦਿ ਦੇ ਸਾਰੇ ਸੁਆਦ ਬਿਲਕੁਲ ਫ਼ਿਕੇ ਹਨ, ਇਕ ਹਰੀ ਦਾ ਨਾਮ ਹੀ ਮੇਰੇ ਮਨ ਨੂੰ ਭਾਉਂਦਾ ਹੈ।

ਪੰਜਵੇਂ ਪਾਤਸ਼ਾਹ ਦੇ, ਪੰਨਾ ੨੧੮ ਤੇ ਬਚਨ ਹਨ ਕਿ ਪਰਮੇਸ਼ਰ ਦੇ ਨਾਮ ਜਪਣ ਤੋਂ ਬਿਨਾਂ ਹੋਰ ਸੁਆਦ ਸਭ ਫ਼ਿਕੇ ਹਨ, ਉਨ੍ਹਾਂ ਨਾਲ ਤਨ ਅਤੇ ਮਨ, ਦੋਨੋ ਫ਼ਿਕੇ ਹੋ ਜਾਂਦੇ ਹਨ। ਲਾਹਨਤ ਹੈ ਅਜਿਹੇ ਜੀਵਣ ਨੂੰ, ਜੋ ਪ੍ਰਭੂ ਦੇ ਨਾਮ ਤੋਂ ਬਿਨਾਂ ਹੋਰ ਜੋ ਵੀ ਕਰਦਾ ਹੈ। ਅਸਲ ਕੰਮ ਹੈ ਸਾਧੂ ਦਾ ਲੜ ਪਕੜ ਕੇ, ਇਹ ਸੰਸਾਰ ਤਰਨਾ ਹੈ, ਅਤੇ ਇਸ ਤਰ੍ਹਾਂ ਪਾਰਬ੍ਰਹਮ ਦੀ ਅਰਾਧਨਾ, ਭਾਵ, ਨਾਮ ਜਪਣ ਨਾਲ ਸਾਰੇ ਪਰਿਵਾਰ ਦਾ ਉਧਾਰ ਹੋ ਜਾਂਦਾ ਹੈ - 'ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ।। ਵਿਣੁ ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ।।

ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ।। ਪਾਰਬ੍ਰਹਮੁ ਆਰਾਧੀਐ ਉਧਰੈ ਸਭ ਪਰਵਾਰੁ।।'

## ਧਿਆਇ ਨਾਨਕ ਪਰਮੇਸਰੈ ਜਿਨਿ ਦਿਤੀ ਜਿੰਦੁ।।੧੪।।

-- ਪੰਜਵੇਂ ਨਾਨਕ ਦੇ ਅਨੁਸਾਰ, ਉਸੇ ਪਰਮੇਸ਼ਰ ਨੂੰ ਧਿਆਉਣਾ ਚਾਹੀਦਾ ਹੈ ਜਿਸ ਨੇ ਸਾਨੂੰ ਇਹ ਜਿੰਦ ਦਿਤੀ ਹੈ।੧੪।

ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੧੬੭ ਤੇ ਫ਼ੁਰਮਾਣ ਕਰਦੇ ਹਨ ਕਿ ਜਿਸ ਨੇ ਇਹ ਜਿੰਦ, ਸਰੀਰ, ਮੂੰਹ, ਨਕ ਆਦਿ ਸਭ ਕੁਝ ਦਿਤਾ ਹੈ ਅਤੇ ਵਰਤਣ ਨੂੰ ਪਾਣੀ ਆਦਿ ਹੋਰ ਪਦਾਰਥ ਦਿਤੇ ਹਨ, ਜੇ ਤੂੰ ਉਸ ਦਾ ਨਾਮ ਨਹੀਂ ਸਿਮਰਦਾ ਤਾਂ ਤੂੰ ਆਪਣੇ ਆਪ ਨੂੰ ਪਸ਼ੂ ਸਮਝ - 'ਸਭੁ ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ।।..ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ।।', ਪੰਨਾ ੧੬੭. ਪੰਜਵੇਂ ਪਾਤਸ਼ਾਹ, ਪੰਨਾ ੭੮੨ ਤੇ ਫ਼ੁਰਮਾਣ ਕਰਦੇ ਹਨ ਕਿ ਜਿਸ ਨੇ ਸਾਨੂੰ ਇਹ ਜਿੰਦ, ਸਰੀਰ ਆਦਿ ਧਾਰਨ ਕਰਣ ਨੂੰ ਦਿਤਾ ਉਸਦਾ ਰੋਜ਼ ਨਾਮ ਜਪੀਏ - 'ਬਿਨਵੰਤਿ ਨਾਨਕ ਨਿਤ ਨਾਮ ਜਪੀਐ ਜੀਉ ਪਿੰਡੁ ਜਿਨਿ ਧਾਰਿਆ।।'



2.10.2020